ਵਿਸ਼ਾ ਪੰਜਾਬੀ　　　　　　　　ਜਮਾਤ ਨੌਵੀਂ / ਦਸਵੀਂ　　　　　　　　ਸਾਲ ਮਈ 2020

## ਆਪਣੇ ਮਿੱਤਰ ਨੂੰ ਕਿਸੇ ਪ੍ਰੀਖਿਆ ਵਿੱਚ ਮੋਹਰੀ ਦਰਜਾ ਪ੍ਰਾਪਤ ਕਰਨ ‘ਤੇ ਵਧਾਈ ਪੱਤਰ।

ਪਿੰਡ ਤੇ ਡਾਕਖਾਨਾ : ਭਿੰਡੀ ਔਲਖ,

ਤਹਿਸੀਲ : ਅਜਨਾਲਾ,

ਜ਼ਿਲ੍ਹਾ : ਅੰਮ੍ਰਿਤਸਰ ।

24 ਅਪਰੈਲ 2020.

ਪਿਆਰੇ ਦੋਸਤ ਗੁਰਦੇਵ,

ਸਤਿ ਸ੍ਰੀ ਅਕਾਲ ਅਤੇ ਬਹੁਤ ਸਾਰਾ ਪਿਆਰ।

ਕੁਝ ਦਿਨ ਪਹਿਲਾਂ ਤੂੰ ਆਪਣੀ ਚਿੱਠੀ ਵਿੱਚ ਆਪਣੇ ਨੀਟ ਪ੍ਰੀਖਿਆ ਵਿੱਚ ਬੈਠਣ ਦਾ ਜ਼ਿਕਰ ਕੀਤਾ ਸੀ ਤੇ ਨਾਲੇ ਆਪਣਾ ਰੋਲ ਨੰਬਰ ਦੱਸਦਿਆ ਸਫ਼ਲਤਾ ਦੀ ਉਮੀਦ ਪ੍ਰਗਟਾਈ ਸੀ। ਪਿਆਰੇ ਮਿੱਤਰ, ਅੱਜ ਜਦੋਂ ਮੈਂ ਇੰਟਰਨੈੱਟ ‘ਤੇ ਤੇਰਾ ਰੋਲ ਨੰਬਰ ਮੈਰਿਟ ਵਿੱਚ ਆਏ ਪਹਿਲੇ ਦਸ ਵਿਦਿਆਰਥੀਆਂ ਵਿੱਚੋਂ ਪੰਜਵੇਂ ਨੰਬਰ ‘ਤੇ ਵੇਖਿਆ ਤਾਂ ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਮੇਰੀ ਹਾਰਦਿਕ ਵਧਾਈ ਕਬੂਲੋ ਅਤੇ ਆਪਣੇ ਮਾਤਾ-ਪਿਤਾ ਨੂੰ ਵੀ ਮੇਰੇ ਵੱਲੋਂ ਵਧਾਈ ਦੇਣਾ।

ਤੇਰੀ ਪ੍ਰਤਿਭਾ ਉੱਤੇ ਤਾਂ ਸਾਨੂੰ ਸਾਰਿਆਂ ਨੂੰ ਕਦੀ ਵੀ ਸ਼ੱਕ ਨਹੀਂ ਰਿਹਾ। ਤੂੰ ਦਸਵੀਂ ਅਤੇ ਬਾਰ੍ਹਵੀਂ ਵਿੱਚੋਂ ਵੀ ਪਹਿਲੇ ਜਾਂ ਦੂਸਰੇ ਨੰਬਰ ‘ਤੇ ਆਉਂਦਾ ਰਿਹਾ ਹੈਂ। ਖੇਡਾਂ ਅਤੇ ਪਾਠਕ੍ਰਮ ਤੋਂ ਇਲਾਵਾ ਹੋਰ ਕਈ ਕਾਰਜਾਂ ਵਿੱਚ ਵੀ ਤੇਰੀ ਕਾਰਗੁਜ਼ਾਰੀ ਹਮੇਸ਼ਾਂ ਚੰਗੀ ਰਹੀ ਹੈ। ਤੇਰੀ ਮਿਹਨਤ ਅਤੇ ਲਗਨ ਕਾਰਨ ਸਾਡਾ ਅਤੇ ਅਧਿਆਪਕਾਂ ਦਾ ਸਦਾ ਇਹੋ ਖ਼ਿਆਲ ਰਿਹਾ ਹੈ ਕਿ ਤੂੰ ਮੁਕਾਬਲੇ ਦੀ ਪ੍ਰੀਖਿਆ ਵਿੱਚ ਜ਼ਰੂਰ ਸਫ਼ਲ ਹੋਵੇਂਗਾ। ਹੁਣ ਤੂੰ ਉੱਪਰਲੀ ਮੈਰਿਟ ਵਿੱਚ ਹੈਂ, ਇਸ ਲਈ ਤੈਨੂੰ ਐੱਮ.ਬੀ.ਬੀ.ਐੱਸ. ਦੀ ਪੜ੍ਹਾਈ ਲਈ ਸਰਕਾਰੀ ਕਾਲਜ ਵਿੱਚ ਦਾਖ਼ਲਾ ਮਿਲੇਗਾ। ਇਸ ਨਾਲ ਡਾਕਟਰੀ ਦੀ ਪੜ੍ਹਾਈ ਸਬੰਧੀ ਤੇਰੀ ਪੜ੍ਹਾਈ ਦਾ ਖ਼ਰਚਾ ਵੀ ਘੱਟ ਹੋਵੇਗਾ। ਉਮੀਦ ਹੈ ਕਰਦੇ ਹਾਂ ਕਿ ਤੂੰ ਡਾਕਟਰੀ ਦੀ ਪੜ੍ਹਾਈ ਇਸੇ ਪ੍ਰਕਾਰ ਮਿਹਨਤ ਨਾਲ ਪੂਰੀ ਕਰਕੇ ਗ਼ਰੀਬ ਮਰੀਜ਼ਾਂ ਦੀ ਪੂਰੀ ਤਨਦੇਹੀ ਨਾਲ ਸੇਵਾ ਕਰੇਂਗਾ। ਤੇਰੇ ਜਿਹੇ ਲਾਇਕ ਇਨਸਾਨਾਂ ਦੀ ਇਸ ਖੇਤਰ ਵਿੱਚ ਬਹੁਤ ਜ਼ਰੂਰਤ ਹੈ। ਤੇਰੀ ਇਸ ਸਫਲਤਾ ਨੇ ਜਿੱਥੇ ਮਾਂ-ਪਿਓ ਦਾ ਨਾਂ ਰੌਸ਼ਨ ਕੀਤਾ ਹੈ, ਉੱਥੇ ਅਸੀਂ ਸਾਰੇ ਮਿੱਤਰ ਵੀ ਮਾਣ ਮਹਿਸੂਸ ਕਰਦੇ ਹਾਂ ।

ਪਿਆਰ ਅਤੇ ਸ਼ੁੱਭ ਇੱਛਾਵਾਂ ਸਹਿਤ।

ਤੁਹਾਡਾ ਆਪਣਾ ਮਿੱਤਰ,

ਸੰਦੀਪ ਸਿੰਘ।

**ਤਿਆਰ ਕਰਤਾ**

**ਸੰਦੀਪ ਸਿੰਘ**

**ਪੰਜਾਬੀ ਮਾਸਟਰ**

**ਸਰਕਾਰੀ ਹਾਈ ਸਕੂਲ**

**ਭਿੰਡੀ ਔਲਖ ( ਅੰਮ੍ਰਿਤਸਰ )**